**ਨਿਊਜ਼** ਰਿਲੀਜ਼

# ਹੋਰ ਵਧੇਰੇ ਐਲਬਰਟਾ ਨਿਵਾਸੀਆਂ ਦੀ ਉਨ੍ਹਾਂ ਦੇ ਰਿਕਵਰੀ ਦੇ ਯਤਨਾਂ ‘ਚ ਸਹਾਇਤਾ ਕਰਨਾਂ

19 ਅਗਸਤ 2022

## ਕਮਿਊਨਿਟੀ ਗਰਾਂਟ ਦੇ ਰੂਪ ‘ਚ 5 ਮਿਲੀਅਨ ਡਾਲਰ ਤੋਂ ਵਧੇਰੇ ਦੀ ਰਕਮ ਹਰ ਉਮਰ ਦੇ ਐਲਬਰਟਾ ਨਿਵਾਸੀਆਂ ਦੀ ਉਨ੍ਹਾਂ ਦੀਆਂ ਮਾਨਸਿਕ ਸਿਹਤ ਅਤੇ ਨਿਸ਼ੇੜੀਪੁਣੇ ਦੀਆਂ ਚੁਣੌਤੀਆਂ ਤੋਂ ਰਿਕਵਰੀ ਪ੍ਰਾਪਤ ਕਰਨ ‘ਚ ਸਹਾਇਤਾ ਕਰੇਗੀ।

ਬੀਤੇ ਤਿੰਨ ਸਾਲਾਂ ਤੋਂ ਐਲਬਰਟਾ ਸਰਕਾਰ ਨਸ਼ੇੜੀਪੁਣੇ ਅਤੇ ਮਾਨਸਿਕ ਸਿਹਤ ਦੇ ਕੇਅਰ ਦਾ ਇਕ ਵਿਸਤ੍ਰਿਤ ਰਿਕਵਰੀ-ਕੇਂਦਰਿਤ ਸਿਸਟਮ ਉਸਾਰਨ ‘ਚ ਲੱਗੀ ਚਲੀ ਆ ਰਹੀ ਹੈ। ਸਥਾਨਕ ਕਮਿਊਨਿਟੀ ਸੰਸਥਾਵਾਂ ਵੱਡੇ ਰੂਪ ‘ਚ ਕਮਿਊਨਿਟੀ ਰਿਕਵਰੀ ਉਸਾਰਨ, ਹੋਰ ਵਧੇਰੇ ਐਲਬਰਟਾ ਨਿਵਾਸੀਆਂ ਨੂੰ ਰਿਕਵਰੀ ਵਾਸਤੇ ਯਤਨ ਕਰਨ ‘ਚ ਮਦਦ ਕਰਨ ਅਤੇ ਨਸ਼ੇੜੀਪੁਣੇ ਤੇ ਮਾਨਸਿਕ ਸਿਹਤ ਚੁਣੌਤੀਆਂ ਦੀ ਪੈਦਾ ਹੁੰਦੇ ਸਾਰ ਹੀ ਰੋਕਥਾਮ ਕਰਨ ਲਈ ਜ਼ਰੂਰੀ ਹਨ।

ਇਹ 5 ਮਿਲੀਅਨ ਡਾਲਰ ਨਵੀਂ ਗਰਾਂਟ ਫੰਡਿੰਗ ਵਜੋਂ ਐਲਬਰਟਾ ਭਰ ‘ਚ 27 ਕਮਿਊਨਿਟੀ ਸੰਸਥਾਵਾਂ ਨੂੰ ਕਮਿਊਨਿਟੀ ਪੱਧਰ ‘ਤੇ ਰਿਕਵਰੀ-ਕੇਂਦਰਿਤ ਕੇਅਰ ਪ੍ਰਦਾਨ ਕਰਨ ਵਾਸਤੇ ਸਹਾਇਤਾ ਕਰਨਗੇ। ਇਸ 5 ਮਿਲੀਅਨ ਡਾਲਰ ਵਿਚੋਂ 3 ਮਿਲੀਅਨ ਡਾਲਰ ਉਨ੍ਹਾਂ ਐਲਬਰਟਾ ਨਿਵਾਸੀਆਂ ਦੀ ਸਹਾਇਤਾ ਕਰਨਗੇ ਜਿਹੜੇ ਨਸ਼ੇੜੀਪੁਣੇ ਅਤੇ ਮਾਨਸਿਕ ਸਿਹਤ ਦੀਆਂ ਚੁਣੌਤੀਆਂ, ਸਮਾਜਿਕ ਇਕਲਾਪੇ ਅਤੇ ਸਦਮੇ ਤੇ ਖਾਣ ਪੀਣ ਦੀਆਂ ਗੜਬੜੀਆਂ ‘ਚੋਂ ਰਿਕਵਰ ਕਰ ਰਹੇ ਹਨ। ਇਕ ਹੋਰ 1.5 ਮਿਲੀਅਨ ਡਾਲਰ ਉਨ੍ਹਾਂ ਸੰਸਥਾਵਾਂ ਦੀ ਸਹਾਇਤਾ ਲਈ ਹੋਣਗੇ ਜੋ ਬੱਚਿਆਂ ਅਤੇ ਨਵਯੁਵਕਾਂ ਨੂੰ ਮਾਨਸਿਕ ਸਿਹਤ ਅਤੇ ਤੰਦਰੁਸਤੀ ‘ਚ ਮਦਦ ਪ੍ਰਦਾਨ ਕਰ ਰਹੀਆਂ ਹਨ। ਅੰਤ ‘ਚ, 500,000 ਡਾਲਰ ਤੋਂ ਵੱਧ ਫਸਟ ਨੇਸ਼ਨਜ਼ ਅਤੇ ਮੈਟਿਸ ਕਮਿਊਨਿਟੀਆਂ ਦੀ ਸੱਭਿਆਚਾਰਕ ਤੌਰ ‘ਤੇ ਢੁਕਵੇਂ ਪ੍ਰੋਗਰਾਮਾਂ ਅਤੇ ਸੇਵਾਵਾਂ ‘ਚ ਮਦਦ ਕਰਨ ਲਈ ਹੋਣਗੇ।

“ਜਦੋਂ ਮਾਨਸਿਕ ਸਿਹਤ ਅਤੇ ਨਸ਼ੇੜੀਪੁਣੇ ਦੀ ਗੱਲ ਆਉਂਦੀ ਹੈ, ਤਾਂ ਸਾਡਾ ਧਿਆਨ ਇਹ ਯਕੀਨੀ ਬਣਾਉਣ ‘ਤੇ ਕੇਂਦਰਿਤ ਹੁੰਦਾ ਹੈ ਕਿ ਹਰੇਕ ਐਲਬਰਟਾ ਨਿਵਾਸੀ ਨੂੰ ਆਪਣੀ ਜ਼ਿੰਦਗੀ ਸੁਧਾਰਨ ਅਤੇ ਜਿਹੜੀਆਂ ਚੁਣੌਤੀਆਂ ਉਨ੍ਹਾਂ ਨੂੰ ਦਰਪੇਸ਼ ਹਨ, ਉਨ੍ਹਾਂ ‘ਚੋਂ ਨਿਕਲਣ ਦਾ ਮੌਕਾ ਪ੍ਰਾਪਤ ਹੋਵੇ। 5 ਮਿਲੀਅਨ ਡਾਲਰ ਦੀ ਇਹ ਨਵੀਂ ਗਰਾਂਟ ਫੰਡਿੰਗ ਹੋਰ ਵਧੇਰੇ ਐਲਬਰਟਾ ਨਿਵਾਸੀਆਂ ਨੂੰ ਆਪਣੀ ਮਾਨਸਿਕ ਤੰਦਰੁਸਤੀ 'ਚ ਸੁਧਾਰ ਲਿਆਉਣ, ਆਪਣੀਆਂ ਕਮਿਊਨਿਟੀਆਂ ਨਾਲ ਸਾਕਾਰਾਤਮਿਕ ਰੂਪ 'ਚ ਰੁੱਝਣ ਅਤੇ ਪਰਿਵਾਰਾਂ ਨਾਲ ਜੁੜਨ ‘ਚ ਮਦਦ ਕਰੇਗੀ।”

*Mike Ellis, ਐਸੋਸੀਏਟ ਮਿਨਿਸਟਰ ਆਫ ਹੈਲਥ ਐਂਡ ਅਡਿਕਸ਼ਨ*

“ਬੱਚਿਆਂ ਅਤੇ ਨਵਯੁਵਕਾਂ ਦੀ ਤੰਦਰੁਸਤੀ ਲਈ ਉਨ੍ਹਾਂ ਦੀ ਮਾਨਸਿਕ ਸਿਹਤ ਅਤੇ ਤੰਦਰੁਸਤੀ ‘ਚ ਸਹਾਇਤਾ ਕਰਨਾਂ ਹੁਣ ਵੀ ਅਤੇ ਆਉਣ ਵਾਲੇ ਸਮੇਂ ‘ਚ ਵੀ ਬਹੁਤ ਮਹੱਤਵਪੂਰਨ ਹੈ। ਕਈ ਪ੍ਰਕਾਰ ਦੀਆਂ ਸੇਵਾਵਾਂ ‘ਤੇ ਕੇਂਦਰਿਤ ਇਹ ਪੂੰਜੀ-ਨਿਵੇਸ਼ ਸੂਬੇ ਭਰ ‘ਚ ਹੋਰ ਵਧੇਰੇ ਨੌਜੁਆਨ ਐਲਬਰਟਾ ਨਿਵਾਸੀਆਂ ਲਈ ਆਪਣੀਆਂ ਬਾਕੀ ਰਹਿੰਦੀਆਂ ਜ਼ਿੰਦਗੀਆਂ ਲਈ ਮਜ਼ਬੂਤ ਨੀਹਾਂ ਉਸਾਰਨ ‘ਚ ਸਹਾਇਤਾ ਪ੍ਰਾਪਤ ਕਰ ਸਕਣ ਨੂੰ ਯਕੀਨੀ ਬਣਾਉਣਗੇ।”

*Matt Jones, ਮਿਨਿਸਟਰ ਆਫ ਚਿਲਡਰਨ’ਜ਼ ਸਰਵਿਸਿਜ਼*

ਐਲਬਰਟਾ ਸਰਕਾਰ ਨਸ਼ੇੜੀਪੁਣੇ ਅਤੇ ਮਾਨਸਿਕ ਸਿਹਤ ਕੇਅਰ ਦਾ ਇਕ ਅਜਿਹਾ ਰਿਕਵਰੀ-ਕੇਂਦਰਿਤ ਸਿਸਟਮ ਲਾਗ ਕਰਨਾਂ ਜਾਰੀ ਰੱਖ ਰਹੀ ਹੈ, ਜਿਹੜਾ ਵਿਅਕਤੀ-ਕੇਂਦਰਿਤ, ਕਮਿਊਨਿਟੀ-ਆਧਾਰਿਤ ਹੈ ਅਤੇ ਜਿਹੜਾ ਵਿਅਕਤੀਆਂ, ਪਰਿਵਾਰਾਂ ਅਤੇ ਕਮਿਊਨਿਟੀਆਂ ਦੀ ਤਾਕਤ ਅਤੇ ਮੁੜ-ਸਥਾਪਨ ‘ਤੇ ਉਸਰਿਆ ਹੈ।

ਇਸ 'ਚ ਪੁੱਜਤਯੋਗ ਕਾਊਂਸਲਿੰਗ ਅਤੇ ਪਹੁੰਚਯੋਗ ਮਾਨਸਿਕ ਸਿਹਤ ਸਹਾਇਤਾ 'ਚ ਵਿਸਥਾਰ ਲਿਆਉਣਾ; ਸਰਕਾਰੀ ਤੌਰ 'ਤੇ ਫੰਡ ਕੀਤੇ ਇਲਾਜ ਦੇ 8,000 ਨਵੇਂ ਸਥਾਨਾਂ ਦੇ ਵਾਧੇ 'ਚ ਸਹਾਇਤਾ ਕਰਨੀ; ਸਰਕਾਰੀ ਤੌਰ 'ਤੇ ਫੰਡ ਕੀਤੇ ਨਸ਼ੇੜੀਪੁਣੇ ਦੇ ਰੈਜ਼ੀਡੈਂਸ਼ੀਅਲ ਇਲਾਜ ਲਈ ਰੋਜ਼ਾਨਾਂ ਦੀ ਫੀਸ ਨੂੰ ਖਤਮ ਕਰਨਾਂ, ਮਰੀਜ਼ਾਂ ਨਾਲ ਮਿਲਦੇ ਜੁਲਦੇ ਨਵੇਂ ਟੂਲ, ਰਿਕਵਰੀ ਐਕਸੈਸ ਐਲਬਰਟਾ ਨੂੰ ਬਣਾਉਣਾ; ਅਤੇ ਨੁਕਸਾਨ ਨੂੰ ਘਟਾਉਣ ਲਈ ਸੇਵਾ, ਜਿਵੇਂ ਕਿ ਡਿਜੀਟਲ ਓਵਰਡੋਜ਼ ਰਿਸਪਾਂਸ ਸਿਸਟਮ (DORS) ਐਪ; ਨੇਜ਼ਲ ਨੈਲੋਕਸੋਨ ਪਾਇਲਟ; ਓਪੀਔਡ ਐਗੋਨਿਸਟ ਥੈਰੇਪੀ 'ਚ ਵਿਸਥਾਰ; ਅਤੇ ਟੀਕਾ ਲਗਾਉਣ ਯੋਗ ਓਪੀਔਡ ਟਰੀਟਮੈਂਟ ਡਰੱਗ ਸਬਲੋਕੇਡ ਦੇ ਸਾਰੇ ਖਰਚੇ ਦੀ ਪੂਰਤੀ ਕਰਨਾਂ ਸ਼ਾਮਲ ਹੈ।

## ਫੌਰੀ ਤੱਥ

- ਐਲਬਰਟਾ ਸਰਕਾਰ ਸੂਬੇ ਭਰ 'ਚ ਨਸ਼ੇੜੀਪੁਣੇ ਅਤੇ ਮਾਨਸਿਕ ਸਿਹਤ ਦੀਆਂ ਰਿਕਵਰੀ-ਕੇਂਦਰਿਤ ਸੇਵਾਵਾਂ 'ਚ ਵਿਸਥਾਰ ਲਿਆਉਣ ਲਈ 27 ਸੰਸਥਾਵਾਂ ਨੂੰ 5 ਮਿਲੀਅਨ ਡਾਲਰ ਤੋਂ ਵਧੇਰੇ ਮੁਹੱਈਆ ਕਰ ਰਹੀ ਹੈ।
- ਇਹ ਫੰਡਿੰਗ ਸੇਵਾਵਾਂ 'ਚ ਸਹਾਇਤਾ ਪ੍ਰਦਾਨ ਕਰਨ ਵਾਸਤੇ 2021-22 ਦੇ ਬੱਜਟ 'ਚ ਮੁਹੱਈਆ ਕੀਤੀ ਗਈ 53 ਮਿਲੀਅਨ ਡਾਲਰ ਦੀ ਕੋਵਿਡ-19 ਮਾਨਸਿਕ ਸਿਹਤ ਅਤੇ ਨਸ਼ੇੜੀਪੁਣੇ ਦੀ ਫੰਡਿੰਗ ਤੋਂ ਵਧੀਕ ਹੋਵੇਗੀ।
- ਨਸ਼ੇੜੀਪੁਣੇ ਅਤੇ ਮਾਨਸਿਕ ਸਿਹਤ ਚੁਣੌਤੀਆਂ 'ਚੋਂ ਗੁਜ਼ਰ ਰਹੇ ਐਲਬਰਟਾ ਨਿਵਾਸੀ ਸਹਾਇਤਾ, ਜਾਣਕਾਰੀ ਅਤੇ ਰੈਫਰਲਾਂ ਲਈ 211 ਐਲਬਰਟਾ, ਅਡਿਕਸ਼ਨ ਹੈਲਪਲਾਈਨ ਜਾਂ ਮੈਂਟਲ ਹੈਲਥ ਹੈਲਪਲਾਈਨ ਨਾਲ ਸੰਪਰਕ ਕਰ ਸਕਦੇ ਹਨ।

## ਸਬੰਧਤ ਜਾਣਕਾਰੀ

- ਨਸ਼ੇੜੀਪੁਣਾ ਅਤੇ ਮਾਨਸਿਕ ਸਿਹਤ ਗਰਾਂਟਾਂ
- ਐਲਬਰਟਾ ਨਿਵਾਸੀਆਂ ਲਈ ਵਿਸਥਾਰਤ ਮਾਨਸਿਕ ਸਿਹਤ ਸਹਾਇਤਾ
- ਤੰਦਰੁਸਤੀ ਦੇ ਐਲਬਰਟਾ ਮਾਡਲ ਵੱਲ ਨੂੰ

ALBERTA'S RECOVERY PLAN

Alberta's Recovery Plan is a plan to breathe new life into Alberta's economy and create new opportunities for every Albertan. It's a plan to build, to diversify, and to create jobs.